# ਤਾਰਿਆਂ ਦੀ ਦੁਨੀਆਂ

**ਹਰੀ ਚੰਦ ਅਰੋੜਾ**
**ਐਡਵੋਕੇਟ**

**ਲੋਕਗੀਤ ਪ੍ਰਕਾਸ਼ਨ**
ਐਸ.ਸੀ.ਓ. 26-27, ਚੌਥੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ।

ISBN : 978-93-5068-940-0

**Taariya Di Duniya**

*by*

**Hari Chand Arora**
# 2299, Sector- 44 C
Chandigarh
Phone. 98140-13764
hcarora.highcourt@gmail.com

2014
Lokgeet Parkashan
S.C.O. 26-27, Sector 34 A, Chandigarh-160022
Ph.+ 91-172-5077427, 5077428
email : lokgeetparkashan@gmail.com
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email: unistarbooks@gmail.com
website : www.unistarbooks.com

*© 2014*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਤਤਕਰਾ


| | | |
|---|---|---|
| * | ਲੋਰੀ | 5 |
| * | ਪੰਜਾਬ | 6 |
| * | ਨਸ਼ਿਆਂ ਕੋਲੋਂ ਦੂਰ ਹੀ ਰਹਿਣਾਂ | 7 |
| * | ਨਸ਼ੇ ਵਿੱਚ ਗੱਡੀ ਨਹੀਂ ਚਲਾਈਦੀ | 8 |
| * | ਵਿਦਿਆ ਦਾ ਦਾਜ | 9 |
| * | ਮਾਤ ਭਾਸ਼ਾ | 10 |
| * | ਤਾਰਿਆਂ ਦੀ ਦੁਨੀਆਂ | 11 |
| * | ਬਿਰਖ | 12 |
| * | ਅਸੀਂ ਪੁਰੇ ਦੀ ਵਾ | 13 |
| * | ਸਾਰਸ ਤੇ ਲੂੰਬੜੀ | 14 |
| * | ਗੱਡੀ | 15 |
| * | ਦੇਸ ਪਰੇਮ | 16 |
| * | ਮੇਰਾ ਕਿੰਨਾ ਸੁਹਣਾ ਦੇਸ਼ | 17 |
| * | ਇਕ ਤਰਾਨਾ ਗਾਣਾ ਹੈ | 18 |
| * | ਘੋਸਟ-ਵੋਸਟ | 19 |
| * | ਦੁੱਧ ਦਾ ਗਲਾਸ | 20 |
| * | ਮੁੰਨੇ ਨੂੰ ਸਕੂਲ ਨਾਲ ਪਿਆਰ ਹੋ ਗਿਆ | 21 |
| * | ਤਿਤਲੀ | 22 |
| * | ਫੌਜੀਆਂ ਤੇ ਮਾਣ ਕਰੀਦਾ | 23 |

# ਮੁੱਖਬੰਦ

ਮੈਂ ਪੰਜਾਬੀ ਦੇ 20 ਗੀਤਾਂ ਅਤੇ ਕਵਿਤਾਵਾਂ ਦੀ ਇਹ ਛੋਟੀ ਜਿਹੀ ਕਿਤਾਬ ਮੇਰੇ ਪਿਆਰੇ ਪੰਜਾਬ ਦੇ ਨੰਨ੍ਹੇ ਮੁੰਨੇ ਬੱਚਿਆਂ ਨੂੰ ਭੇਂਟ ਕਰ ਰਿਹਾ ਹਾਂ, ਜਿਹਨਾਂ ਨੇ ਪੰਜਾਬ ਦੇ ਭਵਿੱਖ ਨੂੰ ਸੰਜੋਣਾ ਅਤੇ ਸੰਵਾਰਣਾ ਹੈ। ਪੰਜਾਬ ਦੇ ਕੀਮਤੀ ਵਿਰਸੇ ਦਾ ਜਿਸ ਤਰ੍ਹਾਂ ਘਾਣ ਹੋ ਰਿਹਾ ਹੈ, ਉਹ ਬਹੁਤ ਹੀ ਦੁਖਦਾਈ ਹੈ। ਮੈਂ ਆਸ ਰਖਦਾ ਹਾਂ ਕਿ ਇਹ ਕਿਤਾਬ ਬਚਿਆਂ ਨੂੰ ਇਕ ਨਵੀਂ ਸੇਧ ਦੇਵੇਗੀ। ਮੈਨੂੰ ਬੇਹਦ ਖ਼ੁਸ਼ੀ ਹੋਵੇਗੀ ਜੇਕਰ ਮੇਰੀ ਇਸ ਨਿਗੂਣੀ ਜਿਹੀ ਕੋਸ਼ਿਸ਼ ਨੂੰ ਪੰਜਾਬ ਦੀ ਧਰਤੀ ਵੱਲੋਂ ਸਕਾਰਾਤਮਕ ਹੁੰਗਾਰਾ ਮਿਲਦਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਮੈਨੂੰ ਅਜਿਹੀਆਂ ਹੋਰ ਕੋਸ਼ਿਸ਼ਾਂ ਕਰਨ ਲਈ ਦੁੱਗਣਾ ਚੌਗਣਾ ਉਤਸ਼ਾਹ ਮਿਲੇਗਾ।

**—ਹਰੀ ਚੰਦ ਅਰੋੜਾ**

ਐਡਵੋਕੇਟ

## ਲੋਰੀ

ਲਾਲੜਿਆ ਵੇ ਤੈਨੂੰ ਲੋਰੀ ਸੁਣਾਵਾਂ
ਤੇਰੇ ਗੱਲ ਵਿਚ ਪਾ ਕੇ ਬਾਹਵਾਂ
ਤੇਰੇ ਸੰਗ ਮੈਂ ਵੀ ਸੌਂ ਜਾਵਾਂ
ਲਾਲੜਿਆ ਵੇ ਤੈਨੂੰ ਲੋਰੀ ਸੁਣਾਵਾਂ
ਲਾਲੜਿਆ ਵੇ ਤੈਥੋਂ ਬੜੀਆਂ ਆਸਾਂ
ਤੇਰੇ ਲਈ ਸਭ ਕੁਝ ਕਰ ਜਾਸਾਂ
ਕੁਰਬਾਨੀ ਦਾ ਪੁਤਲਾ ਮਾਵਾਂ
ਲਾਲੜਿਆ ਵੇ ਤੈਨੂੰ ਲੋਰੀ ਸੁਣਾਵਾਂ
ਲਾਲੜਿਆ ਵੇ ਤੈਨੂੰ ਖੂਬ ਪੜ੍ਹਾਵਾਂ
ਤੈਨੂੰ ਵੱਡਾ ਜੱਜ ਬਣਾਵਾਂ
ਤੇਰੇ ਤੋਂ ਇਨਸਾਫ ਕਰਾਵਾਂ
ਰਾਮ ਰਾਜ ਮੈਂ ਲੈ ਕੇ ਆਵਾਂ
ਲਾਲੜਿਆ ਵੇ ਤੈਨੂੰ ਲੋਰੀ ਸੁਣਾਵਾਂ



# ਪੰਜਾਬ

ਜੀਹਦਾ ਪੂਰੀ ਦੁਨੀਆਂ 'ਚ ਨਾਂ
ਉਹ ਪੰਜਾਬ ਹੈ
ਦੇਸ਼ ਦੀ ਖੜਗ ਵਾਲੀ ਬਾਂਹ
ਉਹ ਪੰਜਾਬ ਹੈ
ਜੀਹਨੂੰ ਗੁਰੂਆਂ ਦੇ ਚਰਨਾਂ ਦੀ ਛੋਹ
ਉਹ ਪੰਜਾਬ ਹੈ
ਜਿੱਥੇ ਗੁਰਬਾਣੀ ਦੀ ਹੈ ਲੋਅ
ਉਹ ਪੰਜਾਬ ਹੈ
ਜਿੱਥੇ ਹੋਏ ਵੱਡੇ-ਵੱਡੇ ਦਰਵੇਸ਼
ਉਹ ਪੰਜਾਬ ਹੈ
ਜਿੱਥੇ ਚਾਦਰਾ ਤੇ ਕੁੜਤਾ ਸੀ ਵੇਸ਼
ਉਹ ਪੰਜਾਬ ਹੈ
ਹਿੰਦੂ ਸਿੱਖ ਜਿੱਥੇ ਨੇ ਭਰਾ
ਉਹ ਪੰਜਾਬ ਹੈ
ਜਿੱਥੇ ਸੀਗੇ ਪੰਜ ਦਰਿਆ
ਉਹ ਪੰਜਾਬ ਹੈ
ਜੀਹਦੇ ਉੱਤੇ ਸਾਨੂੰ ਪੂਰਾ ਮਾਣ
ਉਹ ਪੰਜਾਬ ਹੈ
ਦੇਸ਼ ਦੀ ਜੋ ਆਨ ਅਤੇ ਸ਼ਾਨ
ਉਹ ਪੰਜਾਬ ਹੈ



## ਨਸ਼ਿਆਂ ਕੋਲੋਂ ਦੂਰ ਹੀ ਰਹਿਣਾਂ




ਬੱਚਿਓ ਮੰਨ ਲਓ ਮੇਰਾ ਕਹਿਣਾ
ਨਸ਼ਿਆਂ ਕੋਲੋਂ ਦੂਰ ਹੀ ਰਹਿਣਾ
ਇਕ ਵਾਰੀ ਨਸ਼ਿਆਂ ਦੀ ਆਦਤ
ਜਿਸ ਬੱਚੇ ਨੂੰ ਪੈ ਜਾਂਦੀ ਹੈ
ਉਸ ਬੱਚੇ ਦੀ ਜ਼ਿੰਦਗੀ ਨੂੰ ਉਹ
ਨਰਕ ਦੇ ਅੰਦਰ ਲੈ ਜਾਂਦੀ ਹੈ
ਚੰਗੇ ਘਰਾਂ ਦੇ ਬੱਚਿਆਂ ਨੂੰ ਵੀ
ਚੋਰੀ ਦੀ ਆਦਤ ਪੈ ਜਾਂਦੀ ਹੈ
ਮਾੜੀ ਸੰਗਤ ਦੇ ਵਿੱਚ ਪੈ ਕੇ
ਮਾੜੇ ਕਰਮ ਕਮਾਵਣ ਲਗਦਾ
ਅਪਰਾਧਾਂ ਦੀ ਦੁਨੀਆਂ ਅੰਦਰ
ਹੌਲੀ-ਹੌਲੀ ਜਾਵਣ ਲਗਦਾ
ਆਪਣੀ ਜ਼ਿੰਦਗੀ ਨਰਕ ਬਣਾਉਂਦਾ
ਮੰਮੀ ਪਾਪਾ ਨੂੰ ਤੜਫੌਂਦਾ
ਲੁਧਿਆਣੇ ਡਾਕਟਰ ਦਾ ਬੇਟਾ
ਓਵਰਡੋਜ਼ ਨਾਲ ਮਰ ਗਿਆ
ਆਪਣੇ ਮਾਤਾ ਪਿਤਾ ਦੀ ਦੁਨੀਆਂ
ਬਿਲਕੁਲ ਸੁੰਨੀ ਕਰ ਗਿਆ
ਬੱਚਿਓ ਮੰਨ ਲਓ ਮੇਰਾ ਕਹਿਣਾ
ਨਸ਼ਿਆਂ ਕੋਲੋਂ ਦੂਰ ਹੀ ਰਹਿਣਾ

## ਨਸ਼ੇ ਵਿੱਚ ਗੱਡੀ ਨਹੀਂ ਚਲਾਈਦੀ

ਪਾਪਾ ਕਦੇ ਨਸ਼ੇ ਵਿਚ ਗੱਡੀ ਨਹੀਂ ਚਲਾਈਦੀ
ਕਿਸੇ ਦੀ ਵੀ ਜਾਨ ਖਤਰੇ 'ਚ ਨਹੀਓਂ ਪਾਈਦੀ
ਘਰਾਂ ਵਿਚ ਬੱਚੇ ਸਾਰੇ ਪਾਪਾ ਨੂੰ ਉਡੀਕਦੇ
ਪਾਪਾ ਕੀ ਲਿਆਊ ਬੈਠੇ ਸੁਪਨੇ ਉਲੀਕਦੇ
ਬੱਚਿਆਂ ਦੇ ਸੁਪਨੇ ਤੇ ਗਾਜ਼ ਨਹੀਂ ਗਿਰਾਈਦੀ
ਪਾਪਾ ਕਦੇ ਨਸ਼ੇ ਵਿੱਚ ਗੱਡੀ ਨਹੀਂ ਚਲਾਈਦੀ
ਮੌਤ ਦੀ ਨਹੀਂ ਫੋਟੋ ਕਦੇ ਕਾਰ ਮੂਹਰੇ ਲਾਈਦੀ
ਪਾਪਾ ਕਦੇ ਨਸ਼ੇ ਵਿਚ ਗੱਡੀ ਨਹੀਂ ਚਲਾਈਦੀ





## ਵਿਦਿਆ ਦਾ ਦਾਜ

ਪਾਪਾ ਮੈਨੂੰ ਨਾਂਹ ਨਾ ਕਰੋ
ਮੈਂ ਤਾਂ ਵਿਦਿਆ ਦਾ ਲੈ ਕੇ ਜਾਣਾ ਦਾਜ
ਜੋ ਧੀ ਨਹੀਂ ਪੈਰਾਂ ਉੱਤੇ ਖੜਦੀ
ਉਹਨੂੰ ਬਹੁਤ ਤੰਗ ਕਰਦਾ ਸਮਾਜ।
ਜਦੋਂ ਪੈਂਦੀਆਂ ਨੇ ਔਕੜਾਂ
ਉਦੋਂ ਵਿਦਿਆ ਹੀ ਕੰਮ ਆਉਂਦੀ
ਕਾਸ਼ ਮੈਂ ਵੀ ਪੜ੍ਹ ਲੈਂਦੀ
ਔਰਤ ਸੋਚ-ਸੋਚ ਪਛਤੌਂਦੀ
ਖੇਤ ਚੁਗ ਜਾਣ ਚਿੜੀਆਂ
ਕਿਸਾਨ ਹੱਥ ਮਲਦਾ ਰਹਿ ਜਾਂਦਾ
ਪਹਿਲਾਂ ਜੇ ਉਡੌਂਦਾ ਚਿੜੀਆਂ
ਤਾਂ ਐਸਾ ਵਕਤ ਨਾਂ ਆਂਦਾ
ਇਕ ਲੈ ਕੇ ਜਾਣੀ ਵਿਦਿਆ
ਹੋਰ ਕੱਖ ਨਹੀਂ ਲਿਜਾਣਾਂ ਦਾਜ
ਪਾਪਾ ਮੈਨੂੰ ਨਾਂਹ ਨਾ ਕਰੋ
ਮੈਂ ਤਾਂ ਵਿਦਿਆ ਦਾ ਲੈ ਕੇ ਜਾਣਾ ਦਾਜ।



## ਮਾਤ ਭਾਸ਼ਾ

ਮੈਂ ਤਾਂ ਉਸੇ ਹੀ ਸਕੂਲੇ ਪੜ੍ਹਨਾ
ਜਿੱਥੇ ਮਾਤ ਭਾਸ਼ਾ ਵਸਦੀ।
ਮੈਂ ਤਾਂ ਉਸੇ ਹੀ ਭਾਸ਼ਾ ਵਿਚ ਹੱਸਣਾ
ਜੀਹਦੇ 'ਚ ਮੇਰੀ ਮਾਂ ਹੱਸਦੀ
ਜਿਹੜੀ ਭਾਸ਼ਾ ਵਿਚ ਮਾਂ ਮੈਨੂੰ ਡਾਂਟਦੀ
ਜੀਹਦੇ 'ਚ ਮੈਨੂੰ ਪਿਆਰ ਕਰਦੀ
ਮੈਨੂੰ ਪੜ੍ਹਨੀ ਪੈਣੀ ਅੰਗਰੇਜ਼ੀ
ਕਿਉਂਕੇ ਐਵੇਂ ਨਹੀਂ ਸਰਦੀ
ਪਾਪਾ ਚੀਨ ਦੇ ਕੋਲੋਂ ਸਿਖ ਲਓ
ਆਤਮ ਸਨਮਾਨ ਕੀਹਨੂੰ ਆਖਦੇ
ਸਦਾ ਆਪਣੀ ਹੀ ਭਾਸ਼ਾ ਵਿਚ ਬੋਲਦੇ
ਅੰਗਰੇਜ਼ੀ ਵੱਲ ਨਹੀਂ ਝਾਕਦੇ
ਮੈਂ ਤਾਂ ਉਸੇ ਹੀ ਸਕੂਲੇ ਪੜ੍ਹਨਾ
ਜਿੱਥੇ ਮਾਤ ਭਾਸ਼ਾ ਵਸਦੀ।



## ਤਾਰਿਆਂ ਦੀ ਦੁਨੀਆਂ

ਸੌਝੀ ਹੁੰਦੀ ਜਾਂਦੀ
ਸਾਡੀ ਸਾਰਿਆਂ ਦੀ ਦੁਨੀਆਂ
ਇੱਟਾਂ ਦੀ ਸੀਮੇਂਟ ਦੀ
ਤੇ ਗਾਰਿਆਂ ਦੀ ਦੁਨੀਆਂ
ਆਓ ਅਸੀਂ ਲੱਭੀਏ
ਸਿਤਾਰਿਆਂ ਦੀ ਦੁਨੀਆਂ।
ਕਈਆਂ ਵਾਸਤੇ ਹੈ ਜਿਹੜੀ
ਅਟਕਲਾਂ ਦੀ ਦੁਨੀਆਂ
ਸਾਡੀ ਕਰਨਾਲ ਵਾਲੀ
ਕਲਪਣਾ ਦੀ ਦੁਨੀਆਂ
ਜਾਵਾਂਗੀ ਮੈਂ ਜਾਵਾਂਗੀ
ਪੁਲਾੜ ਵਿੱਚ ਜਾਵਾਂਗੀ
ਤਾਰਿਆਂ ਦੀ ਧਰਤੀ ਤੇ
ਚੜ੍ਹ ਕੇ ਹੀ ਆਵਾਂਗੀ
ਉੱਥੇ ਮੈਂ ਤਿਰੰਗਾ ਝੰਡਾ
ਗੱਡ ਕੇ ਹੀ ਆਵਾਂਗੀ।



# ਬਿਰਖ

ਵੇਖੋ ਬਿਰਖ ਸੁਹਾਵਣੇ
ਕਿੰਨੀ ਠੰਡੀ ਦੇਂਦੇ ਛਾਂ
ਧੁੱਪ ਦੇ ਕਹਿਰ ਨੂੰ ਰੋਕਦੇ
ਬਣ ਕੇ ਸਾਡੀ ਮਾਂ।
ਜੜ੍ਹਾਂ ਨਾਲ ਧਰਤੀ ਜਕੜਕੇ
ਹੜ੍ਹਾਂ ਤੋਂ ਲੈਣ ਬਚਾ
ਵਰਖਾ ਨੂੰ ਖਿਚ ਲਿਆਉਂਦੇ
ਧਰਤੀ ਨੂੰ ਦੇਣ ਨੁਹਾ।
ਫੁੱਲਾਂ ਅਤੇ ਫਲਾਂ ਦੀ
ਸਾਨੂੰ ਦੇਣ ਸੁਗਾਤ
ਬਚਾ ਕੇ ਸਿਰਫ਼ ਨਹੀਂ ਰਖਣੀ
ਕੁਦਰਤ ਦੀ ਇਹ ਦਾਤ
ਅਸੀਂ ਹਰ ਸਾਲ ਬਿਰਖ ਲਗਾਵਣੇ
ਜਦੋਂ ਰੁੱਤ ਆਵੇ ਬਰਸਾਤ।




## ਅਸੀਂ ਪੂਰੇ ਦੀ ਵਾ

ਪਾਪਾ ਥੱਕੇ ਆਉਂਦੇ
ਤਾਂ ਗਲ ਨਾਲ ਲੈਂਦੇ ਲਾ
ਬੈਗ ਨੂੰ ਪਾਸੇ ਰਖਦੇ
ਮੈਨੂੰ ਜੱਫੀ ਲੈਂਦੇ ਪਾ
ਕਹਿੰਦੇ ਤੇਰੀ ਜਾਦੂ ਜੱਫੀ
ਮੇਰੀ ਥਕਾਵਟ ਦੇਂਦੀ ਲਾਹ
ਕਹਿੰਦੇ ਮੈਨੂੰ ਠੰਡ ਪੁਚਾਂਵਦੀ
ਹੈਂ ਤੂੰ ਪੂਰੇ ਦੀ ਵਾ
ਮੈਨੂੰ ਕੁੱਤ ਕੁਤਾੜੀਆਂ ਕੱਢਦੇ
ਤੇ ਜਬਰੀ ਦੇਣ ਹਸਾ
ਫਿਰ ਉਹ ਮੈਨੂੰ ਆਖਦੇ
ਕੋਈ ਸਕੂਲ ਦੀ ਗੱਲ ਸੁਣਾ
ਮੈਂ ਵੀ ਰਵ੍ਹਾਂ ਉਡੀਕਦਾ
ਜਦ ਤੱਕ ਪਾਪਾ ਨਹੀਂ ਜਾਂਦੇ ਆ
ਮੈਨੂੰ ਵੀ ਠੰਡ ਪੁਚਾਂਵਦੇ
ਮੇਰੇ ਪਾਪਾ ਵੀ ਪੂਰੇ ਦੀ ਵਾ।




## ਸਾਰਸ ਤੇ ਲੂੰਬੜੀ

ਇਕ ਸਾਰਸ ਸੀ ਇਕ ਲੂੰਬੜੀ ਸੀ
ਦੋਵੇਂ ਪਰਾਇਮਰੀ ਸਕੂਲ ਵਿਚ ਪੜ੍ਹਦੇ ਸਨ
ਜਦੋਂ ਮਿੱਡ ਡੇ ਮੀਲ ਉਹ ਖਾਂਦੇ ਸਨ
ਤਾਂ ਖ਼ੂਬ ਸ਼ਰਾਰਤਾਂ ਕਰਦੇ ਸਨ
ਇਕ ਦਿਨ ਮਿੱਡ ਡੇ ਮੀਲ ਦੇ ਨਾਂ ਤੇ
ਕੜ੍ਹੀ ਹੀ ਬਣ ਕੇ ਆਈ ਸੀ
ਸਾਰਸ ਨੇ ਬੋਤਲ ਵਿੱਚ ਪਾ ਕੇ
ਲੂੰਬੜੀ ਵੱਲ ਵਧਾਈ ਸੀ
ਲੂੰਬੜੀ ਨੇ ਚਾਲ ਪਛਾਣ ਲਈ
ਉਹਨੇ ਬਦਲਾ ਲੈਣ ਦੀ ਠਾਣ ਲਈ
ਉਹਨੇ ਪਲੇਟ ਵਿੱਚ ਕੜ੍ਹੀ ਸਜਾ ਦਿੱਤੀ
ਤੇ ਸਾਰਸ ਦੇ ਹੱਥ ਫੜਾ ਦਿੱਤੀ
ਮੈਡਮ ਨੂੰ ਆਂਦਾ ਵੇਖ ਕੇ
ਦੋਵਾਂ ਨੇ ਨੀਵੀਂ ਪਾ ਲਈ
ਆਪਸ ਵਿਚ ਵਟਾ ਕੇ ਦੋਨਾਂ
ਚੁਪ ਚਾਪ ਕੜ੍ਹੀ ਖਾ ਲਈ।



## ਗੱਡੀ

ਪਾਪਾ ਦੱਸੋ ਕਿਸ ਤਰ੍ਹਾਂ ਚਲਦੀ ਸੀ ਗੱਡੀ
ਕਿਸ ਤਰ੍ਹਾਂ ਛੁਕ-ਛੁਕ ਕਰਦੀ ਸੀ ਗੱਡੀ
ਪਾਪਾ ਦੱਸੋ ਭਾਫ ਕਿਵੇਂ ਛਡਦੀ ਸੀ ਗੱਡੀ
ਕਿਸ ਤਰ੍ਹਾਂ ਚੀਕਾਂ ਮਾਰ ਖੜਦੀ ਸੀ ਗੱਡੀ
ਉਦੋਂ ਬੇਟਾ ਚਲਦੀ ਦਾ ਨਾਂ ਸੀ ਗੱਡੀ
ਚਲ ਪੈਂਦੀ ਮੰਨਦੇ ਹੀ ਤਾਂ ਸੀ ਗੱਡੀ।
ਚਲਦੀ ਤਾਂ ਟੇਸ਼ਣ ਹੀ ਜਾਂਦੀ ਸੀ ਛੱਡੀ
ਵਰਨਾ ਕਿਧਰੇ ਵੀ ਖੜ ਜਾਂਦੀ ਗੱਡੀ।



## ਦੇਸ਼ ਪਰੇਮ

ਪਾਪਾ ਦੱਸੋ ਦੇਸ਼ ਦੇ ਪਰੇਮ ਦੀਆਂ ਗੱਲਾਂ
ਜਿਹੜਾ ਥੋਡੇ ਅੰਦਰ ਮਾਰਦਾ ਹੈ ਛੱਲਾਂ।
ਪਾਪਾ ਦੱਸੋ ਮੈਨੂੰ ਤੁਸੀਂ ਆਪਣੀ ਜ਼ੁਬਾਨੀਂ
ਕਿਸ ਤਰ੍ਹਾਂ ਗੁਰੂਆਂ ਨੇ ਦਿੱਤੀ ਕੁਰਬਾਨੀ
ਕਿਸ ਤਰ੍ਹਾਂ ਵਾਰੀ ਸੀ ਸ਼ਹੀਦਾਂ ਜਿੰਦਗਾਨੀ
ਕਿਸ ਤਰ੍ਹਾਂ ਜਨਤਾ ਨੇ ਕੀਤੀ ਸੀ ਲੜਾਈ
ਕਿਸ ਤਰ੍ਹਾਂ ਦੇਸ਼ 'ਚ ਅਜ਼ਾਦੀ ਸੀ ਆਈ
ਬੇਟਾ ਇਹ ਤਾਂ ਕਿਤਨੀ ਹੀ ਲੰਬੀ ਹੈ ਕਹਾਣੀ
ਆਉਣ ਵਾਲੇ ਸੰਡੇ ਤੈਨੂੰ ਬੈਠ ਕੇ ਸੁਨਾਣੀ।

## ਮੇਰਾ ਕਿੰਨਾ ਸੁਹਣਾ ਦੇਸ਼

ਮੇਰਾ ਕਿੰਨਾ ਸੁਹਣਾ ਦੇਸ਼
ਸੁਹਣਾ ਤੇ ਮਨਮੋਹਣਾ ਦੇਸ਼
ਕਿਧਰੇ ਤਾਂ ਮੁਕਟ ਹਿਮਾਲੇ ਦਾ
ਕਿਧਰੇ ਲਗਦਾ ਦਰਵੇਸ਼
ਇੱਥੇ ਕਈ ਤਰ੍ਹਾਂ ਦੀਆਂ ਬੋਲੀਆਂ
ਤੇ ਕਈ ਤਰ੍ਹਾਂ ਦੇ ਵੇਸ਼
ਕਿਧਰੇ ਅਧਨੰਗੇ ਸੰਤ ਨੇ
ਕਿਧਰੇ ਚਮਕੀਲੇ ਵੇਸ਼
ਕਈ ਤਰ੍ਹਾਂ ਦੀਆਂ ਮੁਸ਼ਕਲਾਂ
ਭਾਵੇਂ ਸਾਨੂੰ ਹਨ ਦਰਪੇਸ਼
ਮੇਰਾ ਕਿੰਨਾ ਸੁਹਣਾ ਦੇਸ਼
ਸੁਹਣਾ ਤੇ ਮਨਮੋਹਣਾ ਦੇਸ਼।



## ਇਕ ਤਰਾਨਾ ਗਾਣਾਂ ਹੈ

ਇਕ ਤਰਾਨਾਂ ਗਾਣਾਂ ਹੈ
ਬਈ ਇਕ ਤਰਾਨਾ ਗਾਣਾ ਹੈ
ਇੱਕ ਦੋ ਇੱਕ ਦੋ ਇੱਕ ਕਰਦੇ
ਅੱਗੇ ਵਧਦੇ ਜਾਣਾਂ ਹੈ
ਜੈ ਹਿੰਦ ਦਾ ਨਾਰ੍ਹਾ ਸਭ ਨੇ
ਮੇਰੇ ਨਾਲ ਲਗਾਣਾਂ ਹੈ
ਜਦੋਂ ਤਰਾਨਾਂ ਗਾਣਾਂ ਹੈ
ਤਾਂ ਫ਼ੌਜੀ ਬੈਂਡ ਵਜਾਣਾਂ ਹੈ।
ਇਕ ਤਰਾਨਾਂ ਗਾਣਾਂ ਹੈ
ਬਈ ਇਕ ਤਰਾਨਾਂ ਗਾਣਾ ਹੈ।

## ਘੋਸਟ-ਵੋਸਟ

ਘੋਸਟ ਵੋਸਟ ਕੁੱਝ ਨਹੀਂ ਹੁੰਦੇ
ਮੇਰੇ ਨਾਨਾਂ ਕਹਿੰਦੇ ਨੇ
ਨਾ ਕੋਈ ਘੋਸਟ ਹੁੰਦੇ ਨੇ
ਨਾਂ ਉਹ ਕਿਧਰੇ ਰਹਿੰਦੇ ਨੇ।
ਮੰਮੀ ਪਾਪਾ ਬੱਚਿਆਂ ਨੂੰ
ਐਵੇਂ ਨਹੀਂ ਡਰਾਈਦਾ
ਬਚਿਆਂ ਦੇ ਦਿਲਾਂ ਵਿਚ
ਡਰ ਨਹੀਂ ਵਸਾਈਦਾ।
ਸਾਡੇ ਇਸ ਦੇਸ਼ ਨੂੰ
ਬਰੇਵ ਬੱਚੇ ਚਾਹੀਦੇ
ਬੂਟੇ ਕਮਜ਼ੋਰੀਆਂ ਦੇ
ਕਦੇ ਵੀ ਨਹੀਂ ਲਾਈਦੇ

## ਦੁੱਧ ਦਾ ਗਲਾਸ

ਦੋ ਵੇਲੇ ਦੁੱਧ ਦਾ ਗਲਾਸ
ਮੈਂ ਤਾਂ ਪੀਣਾ ਹੈ
ਮੈਡਮ ਜੀ ਨੇ ਆਖਿਆ
ਸਟਰੌਂਗ ਬਣ ਕੇ ਜੀਣਾ ਹੈ।
ਬੱਚਿਆਂ ਨੂੰ ਫਲ ਤੇ
ਫ਼ਰੂਟ ਖਾਣੇ ਚਾਹੀਦੇ
ਪੀਜ਼ੇ ਅਤੇ ਬਰਗਰ
ਕਦੇ ਵੀ ਨਹੀਂ ਖਾਈਦੇ।
ਅੱਛੇ ਬੱਚੇ ਰਖਦੇ
ਖਿਆਲ ਨੇ ਪੜ੍ਹਾਈ ਦਾ
ਬਿਨਾਂ ਨਾਗਾ ਕੀਤੇ ਰੋਜ਼
ਖੇਲਣ ਵੀ ਜਾਈਦਾ।



## ਮੁੰਨੇ ਨੂੰ ਸਕੂਲ ਨਾਲ ਪਿਆਰ ਹੋ ਗਿਆ

ਮੁੰਨੇ ਨੂੰ ਸਕੂਲ ਨਾਲ ਪਿਆਰ ਹੋ ਗਿਆ
ਮੁੰਨਾ ਸਾਡਾ ਜਲਦੀ ਤਿਆਰ ਹੋ ਗਿਆ
ਸਕੂਲ ਤੱਕ ਵੈਨ ਵਿੱਚ ਬਹਿ ਕੇ ਜਾਏਗਾ
ਟਿਫਨ 'ਚ ਖਾਣਾ ਨਾਲ ਲੈ ਕੇ ਜਾਏਗਾ।
ਮੈਡਮ ਪੜ੍ਹਾਣਗੇ ਤਾਂ ਖ਼ੂਬ ਪੜ੍ਹੇਗਾ
ਆਪਣੇ ਫਰੈਂਡਜ਼ ਨਾਲ ਨਹੀਂ ਲੜੇਗਾ
ਅੱਧੀ ਛੁੱਟੀ ਵੇਲੇ ਪੂਰਾ ਖ਼ਾਣਾਂ ਖਾਏਗਾ
ਦੋਸਤਾਂ ਦੇ ਨਾਲ ਸ਼ੋਰ ਵੀ ਮਚਾਏਗਾ
ਕਰੇਗਾ ਸ਼ਰਾਰਤਾਂ ਤਾਂ ਮਜ਼ਾ ਆਊਗਾ
ਮੈਡਮ ਨੂੰ ਵੇਖ ਚੁੱਪ ਕਰ ਜਾਊਗਾ
ਛੁੱਟੀ ਹੋਊ ਵੈਨ ਵਿਚ ਆ ਕੇ ਬਹਿ ਜਾਊਗਾ
ਘਰ ਕੋਲ ਆ ਕੇ ਵੈਨ ਵਿੱਚੋਂ ਲਹਿ ਜਾਊਗਾ
ਇਕ ਇਕ ਕਰਕੇ ਕਲਾਸਾਂ ਕਰੂਗਾ
ਫਿਰ ਜਾ ਕੇ ਕਾਲਜ ਦੇ ਵਿੱਚ ਪੜੂਗਾ
ਵੱਡਾ ਹੋ ਕੇ ਦੇਸ਼ ਦੇ ਲਈ ਕੰਮ ਕਰੂਗਾ
ਮਾਪਿਆਂ ਦਾ ਨਾਂ ਧੰਨ-ਧੰਨ ਕਰੂਗਾ।



## ਤਿਤਲੀ

ਤਿਤਲੀ ਆਈ ਤਿਤਲੀ ਆਈ
ਆ ਗਈ ਮੇਰੀ ਬਟਰ ਫਲਾਈ
ਐਸੀ ਤੇਜ਼ ਉਡਾਰੀ ਲਾਂਦੀ
ਫੜਨਾ ਚਾਹੋ ਹੱਥ ਨਹੀਂ ਆਂਦੀ
ਤੂੰ ਹੈਂ ਰੰਗ ਬਰੰਗੀ ਸੁਹਣੀ
ਫੁੱਲਾਂ ਤੋਂ ਵੀ ਹੈਂ ਮਨਮੋਹਣੀ
ਫੁੱਲਾਂ ਉੱਤੇ ਕਿਉਂ ਬਹਿੰਦੀ ਹੈ
ਜਲਦੀ ਦੇ ਵਿਚ ਕਿਉਂ ਰਹਿੰਦੀ ਹੈਂ
ਤੈਨੂੰ ਫੜਣ ਨੂੰ ਜੀ ਕਰਦਾ ਹੈ
ਗੱਲਾਂ ਕਰਨ ਨੂੰ ਜੀ ਕਰਦਾ ਹੈ
ਮੇਰੇ ਦੋਸਤ ਵਰਗੀ ਹੈਂ ਤੂੰ
ਮੈਥੋਂ ਕਾਹਨੂੰ ਡਰਦੀ ਹੈਂ ਤੂੰ
ਮੇਰੇ ਨਾਲ ਸਕੂਲੇ ਜਾਈਂ
ਮੈਡਮ ਜੀ ਨੂੰ ਮਿਲ ਕੇ ਆਈਂ।



## ਫੌਜੀਆਂ ਤੇ ਮਾਣ ਕਰੀਦਾ

ਫੌਜੀਆਂ ਤੇ ਮਾਣ ਕਰੀਦਾ ਮੇਰੇ ਬੱਚਿਓ
ਦੱਬ ਕੇ ਸਲੂਟ ਜੜੀਦਾ ਮੇਰੇ ਬੱਚਿਓ
ਜਿਹੜੇ ਹਾਲ ਵਿਚ ਫ਼ੌਜੀ
ਰਹਿੰਦੇ ਮੇਰੇ ਬੱਚਿਓ
ਫਿਰ ਵੀ ਨਹੀਂ ਕਦੇ ਉਫ਼
ਕਹਿੰਦੇ ਮੇਰੇ ਬੱਚਿਓ
ਜ਼ੀਰੋ ਤਾਪਮਾਨ ਉੱਤੇ
ਰਹਿੰਦੇ ਮੇਰੇ ਬੱਚਿਓ
ਅੰਤਾਂ ਦੀ ਠੰਡ ਵੀ ਨੇ
ਸਹਿੰਦੇ ਮੇਰੇ ਬੱਚਿਓ
ਜੈ ਹਿੰਦ, ਜੈ ਹਿੰਦ
ਕਹਿੰਦੇ ਮੇਰੇ ਬੱਚਿਓ
ਮੌਤ ਦੇ ਹੀ ਸਾਏ ਥੱਲੇ
ਰਹਿੰਦੇ ਮੇਰੇ ਬੱਚਿਓ
ਫੌਜ ਦਾ ਸਿਪਾਹੀ ਇਹਨੂੰ
ਕਹਿੰਦੇ ਮੇਰੇ ਬੱਚਿਓ
ਇਹਨਾਂ ਨੂੰ ਪਿਆਰ ਕਰੀਦਾ ਮੇਰੇ ਬੱਚਿਓ
ਦੱਬ ਕੇ ਸਲੂਟ ਜੜੀਦਾ ਮੇਰੇ ਬੱਚਿਓ।



* * *